pstcl
PUNJAB STATE TRANSMISSION CORPORATION LIMITED

ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
ਰਜਿ: ਦਫ਼ਤਰ: ਪੀ.ਐਸ.ਈ.ਬੀ.,ਹੈੱਡ ਆਫਿਸ, ਦੀ ਮਾਲ, ਪਟਿਆਲਾ-147001, ਪੰਜਾਬ, ਭਾਰਤ
ਦਫ: ਉੱਪ ਮੁੱਖ ਇੰਜੀ:/ ਐੱਚ ਆਰ ਅਤੇ ਪ੍ਰਬੰਧਕੀ ਸੰਸਥਾ, ਸ਼ਕਤੀ ਸਦਨ ਪਟਿਆਲਾ
ਫੈਕਸ ਨੰ:- 0175 -2220054 ਟੈਲੀਫੂਨ ਨੰ:-0175-2370693 ਵੈਬਸਾਇਟ : pstcl.org

ਵੱਲ

1. ਪ੍ਰਮੁੱਖ ਇੰਜੀ:/ਪੀ ਤੇ ਐਮ, ਪੀ.ਐਸ.ਟੀ.ਸੀ.ਐਲ, ਲੁਧਿਆਣਾ।
2. ਉੱਪ ਸਕੱਤਰ/ਅਮਲਾ, ਪੀ.ਐਸ.ਟੀ.ਸੀ.ਐਲ, ਪਟਿਆਲਾ।

ਮੀਮੋ ਨੰ: 10020/21 /Sen/CircleAsstt./24 ਮਿਤੀ: 14/10/24

**ਵਿਸ਼ਾ:-** **ਹਲਕਾ ਸਹਾਇਕ ਕਰਮਚਾਰੀਆਂ ਦੀ ਸਮਾਂ 01.08.23 ਤੋਂ 31.03.24 ਤੱਕ ਦੀ ਟੈਨਟੇਟਿਵ ਸੀਨੀਆਰਤਾ ਸੂਚੀ ਨੂੰ ਅੰਤਿਮ ਸੀਨੀਆਰਤਾ ਸੂਚੀ ਘੋਸ਼ਿਤ ਕਰਨ ਸਬੰਧੀ।**

ਉਪਰੋਕਤ ਦੇ ਸਬੰਧ ਵਿੱਚ ਇਸ ਦਫ਼ਤਰ ਵੱਲੋਂ ਮੀਮੋ 8501/03 ਮਿਤੀ 29.08.2024 ਰਾਹੀਂ ਪੀ.ਐਸ.ਟੀ.ਸੀ.ਐਲ ਵੱਲੋਂ ਨਿਯੁਕਤ ਕੀਤੇ ਹਲਕਾ ਸਹਾਇਕ ਕਰਮਚਾਰੀਆਂ ਦੀ ਮਿਤੀ ਸਮਾਂ 01.08.2023 ਤੋਂ 31.03.2024 ਤੱਕ ਦੀ ਟੈਨਟੇਟਿਵ ਸੀਨੀਆਰਤਾ ਸੂਚੀ ਪੀ.ਐਸ.ਟੀ.ਸੀ.ਐਲ ਦੀ ਵੈਬਸਾਈਟ pstcl.org ਤੇ ਉਪਲੱਬਧ ਲਿੰਕ information>seniority list ਤੇ ਅਪਲੋਡ ਕਰਦੇ ਹੋਏ ਬੇਨਤੀ ਕੀਤੀ ਗਈ ਸੀ ਕਿ ਇਸ ਟੈਨਟੇਟਿਵ ਸੀਨੀਆਰਤਾ ਸੂਚੀ ਵਿੱਚ ਦਰਸਾਏ ਕਰਮਚਾਰੀਆਂ ਦੇ ਸੇਵਾ ਵੇਰਵੇ ਅਤੇ ਅਜ਼ਮਾਇਸ਼ੀ ਸਮੇਂ ਦੌਰਾਨ ਅਨੁਸ਼ਾਸਨੀ ਕੇਸਾਂ/ਕੰਮ ਅਤੇ ਵਿਵਹਾਰ ਸਬੰਧੀ ਰਿਪੋਰਟ ਆਪਣੇ ਪੱਧਰ ਤੇ ਤਸਦੀਕ ਕਰਦੇ ਹੋਏ ਜੇਕਰ ਕਿਸੇ ਕਰਮਚਾਰੀ ਸਬੰਧੀ ਕੋਈ ਕੇਸ/ਰਿਪੋਰਟ ਦਰਜ/ਪੈਂਡਿੰਗ ਹੈ ਤਾਂ ਸੂਚੀ ਜਾਰੀ ਹੋਣ ਤੋਂ 1 ਮਹੀਨੇ ਦੇ ਅੰਦਰ-ਅੰਦਰ ਇਸ ਦਫ਼ਤਰ ਨੂੰ ਸੂਚਿਤ ਕੀਤਾ ਜਾਵੇ। ਇਸ ਤੋਂ ਇਲਾਵਾ ਇਹ ਵੀ ਲਿਖਿਆ ਗਿਆ ਸੀ ਕਿ ਇਹ ਟੈਨਟੇਟਿਵ ਸੀਨੀਆਰਤਾ ਸੂਚੀ ਹਲਕਾ ਸਹਾਇਕ ਕਰਮਚਾਰੀਆਂ ਤੋਂ ਨੋਟ ਕਰਵਾ ਲਈ ਜਾਵੇ। ਜੇਕਰ ਕੋਈ ਕਰਮਚਾਰੀ ਇਹ ਅਨੁਭਵ ਕਰੇ ਕਿ ਉਸ ਨੂੰ ਸੀਨੀਆਰਤਾ ਨੰਬਰ ਅਲਾਟ ਨਹੀਂ ਕੀਤਾ ਗਿਆ ਜਾਂ ਕਿਸੇ ਕਰਮਚਾਰੀ ਦੇ ਸੇਵਾ ਵੇਰਵੇ ਗਲਤ ਹੋਣ ਤਾਂ ਉਹ ਇਸ ਸਬੰਧੀ ਆਪਣੀ ਪ੍ਰਤੀ-ਬੇਨਤੀ, ਸੂਚੀ ਜਾਰੀ ਹੋਣ ਦੀ ਮਿਤੀ ਤੋ 1 ਮਹੀਨੇ ਦੇ ਅੰਦਰ-ਅੰਦਰ ਸਬੰਧਤ ਦਫ਼ਤਰ ਰਾਹੀਂ ਇਸ ਦਫ਼ਤਰ ਭੇਜੇ।

ਇਸ ਸਬੰਧੀ ਹੁਣ ਤੱਕ ਕੋਈ ਵੀ ਇਤਰਾਜ਼ ਪ੍ਰਾਪਤ ਨਹੀਂ ਹੋਇਆ, ਇਸ ਲਈ ਇਸ ਟੈਨਟੇਟਿਵ ਸੀਨੀਆਰਤਾ ਸੂਚੀ ਨੂੰ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਅੰਤਿਮ ਸੀਨੀਆਰਤਾ ਸੂਚੀ ਘੋਸ਼ਿਤ ਕੀਤਾ ਜਾਂਦਾ ਹੈ:-

(1) ਇਸ ਸੀਨੀਆਰਤਾ ਸੂਚੀ ਤੇ ਕੋਰਟ ਕੇਸਾਂ/ਵਿਭਾਗੀ ਪੜਤਾਲ ਦੇ ਫੈਸਲੇ, ਜੇ ਕਰ ਕੋਈ ਹੋਣ, ਤਾਂ ਇੰਨ-ਬਿੰਨ ਲਾਗੂ ਹੋਣ ਯੋਗ ਹੋਣਗੇ।

(2) ਜੇਕਰ ਕਿਸੇ ਵੀ ਕਰਮਚਾਰੀ ਨੂੰ ਡੀਮ ਤਰੱਕੀ/ਜੂਨੀਅਰ ਕਰਮਚਾਰੀ ਤੋਂ ਉੱਪਰ ਸੀਨੀਆਰਤਾ ਦੀ ਬਹਾਲੀ ਹੁੰਦੀ ਹੈ ਤਾਂ ਉਸ ਮੁਤਾਬਿਕ ਇਸ ਸੀਨੀਆਰਤਾ ਸੂਚੀ ਵਿੱਚ ਸੋਧ ਕਰਨ ਯੋਗ ਹੋਵੇਗੀ।

(3) ਜੇਕਰ ਕਿਸੇ ਵੀ ਕਰਮਚਾਰੀ ਵੱਲੋਂ ਉਸ ਦਾ ਪਰਖ ਕਾਲ ਸਮਾਂ ਤੱਸਲੀ ਬਖਸ਼ ਪੂਰਾ ਨਹੀਂ ਕੀਤਾ ਜਾਂਦਾ ਤਾਂ ਉਸ ਮੁਤਾਬਿਕ ਇਸ ਸੀਨੀਆਰਤਾ ਸੂਚੀ ਵਿੱਚ ਸੋਧ ਕਰਨ ਯੋਗ ਹੋਵੇਗੀ।

ਨੱਥੀ/ ਹਲਕਾ ਸਹਾਇਕ ਦੀ
ਅੰਤਿਮ ਸੀਨੀਆਰਤਾ ਸੂਚੀ।

14/10/24

ਵਧੀਕ ਨਿਗ:ਇੰਜੀ:/ਟ੍ਰੇਨਿੰਗ ਸੈੱਲ,
ਪੀਐਸਟੀਸੀਐਲ,ਪਟਿਆਲਾ

## ਹਲਕਾ ਸਹਾਇਕ ਕਰਮਚਾਰੀਆਂ ਦੀ ਅੰਤਿਮ ਸੀਨੀਆਰਤਾ (ਸਮਾਂ 01.08.23 ਤੋਂ 31.03.24 ਤੱਕ) ਸੂਚੀ

| Sr. No | ਕਰਮਚਾਰਨ/ ਪਿਤਾ ਦਾ ਨਾ (ਸ਼੍ਰੀਮਤੀ/ਸ਼੍ਰੀ) | ਆਈ. ਡੀ.ਨੰ: | ਸੀਨੀ ਬਤੌਰ UDC | ਸੀਨੀ ਬਤੌਰ Circle Asstt. | ਜਨਮ ਮਿਤੀ | ਪੀ.ਐਸ.ਟੀ.ਸੀ.ਐ ਲ ਵਿੱਚ ਹਾਜਰ ਹੋਣ ਦੀ ਮਿਤੀ | ਮੌਜੂਦਾ ਅਸਾਮੀ ਤੇ ਲੱਗਣ ਦੀ ਮਿਤੀ | ਸ਼੍ਰੇਣੀ | ਵਿਸ਼ੇਸ਼ ਕਥਨ |
|---|---|---|---|---|---|---|---|---|---|
| 1 | ਲਵਪ੍ਰੀਤ ਕੌਰ/ ਗੁਰਦਿਆਲ ਸਿੰਘ | 606090 | 54 | 37 | 29.04.92 | 13.09.17 | 06.03.24 | ਜਨਰਲ | |

(signature)

Addl. SE / Training Cell,
PSTCL Patiala